# Shannen Koostachin Elementary School

PROUD SCHOOL OF HAMILTON-WENTWORTH DISTRICT SCHOOL BOARD

110 Bellagio Avenue
Hannon, Ontario L0R 1P0
**ਫ਼ੋਨ:** 289.768.2755
**ਫੈਕਸ:** 905.692.9880

**ਈ-ਮੇਲ:** shannenkoostachin@hwdsb.on.ca
**ਪ੍ਰਿੰਸੀਪਲ:** Tricia Nelson
**ਵਾਈਸ-ਪ੍ਰਿੰਸੀਪਲ:** Louise van der Put
**www.hwdsb.on.ca/shannenkoostachin**


ਸਤੰਬਰ 6, 2023

ਪਿਆਰੇ ਮਾਤਾ-ਪਿਤਾ/ ਸਰਪ੍ਰਸਤ,

ਅਸੀਂ ਤੁਹਾਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕਰਦੇ ਹਾਂ ਕਿ ਸਾਡੇ ਪਿਆਰੇ ਕਿੰਡਰਗਾਰਟਨ ਅਧਿਆਪਕ, Mr. Carl Creatchman ਦਾ ਅੱਜ ਸਵੇਰੇ ਦੇਹਾਂਤ ਹੋ ਗਿਆ।

Mr. Creatchman ਦੀ ਮੌਤ ਦੀ ਖ਼ਬਰ ਸਾਡੇ ਸਕੂਲ ਭਾਈਚਾਰੇ ਲਈ ਇੱਕ ਡੂੰਘਾ ਅਤੇ ਅਚਾਨਕ ਪੈਣ ਵਾਲਾ ਘਾਟਾ ਹੈ। Mr. Creatchman ਨੇ ਸਾਡੇ ਸਕੂਲ ਵਿੱਚ 5 ਸਾਲਾਂ ਤੱਕ ਕੰਮ ਕੀਤਾ ਅਤੇ ਇਮਾਰਤ ਖੋਲ੍ਹਣ ਵਿੱਚ ਸਾਡੀ ਮਦਦ ਕੀਤੀ। Mr. Creatchman ਨੂੰ ਵਿਦਿਆਰਥੀਆਂ, ਸਟਾਫ਼ ਅਤੇ ਭਾਈਚਾਰੇ ਨਾਲ ਉਹਨਾਂ ਦੇ ਬੇਮਿਸਾਲ ਤਾਲਮੇਲ, ਉਹਨਾਂ ਦੇ ਹੱਸ-ਮੁੱਖ ਸੁਭਾਅ ਦੀ ਮਹਾਨ ਭਾਵਨਾ ਅਤੇ ਉਹਨਾਂ ਦੇ ਸ਼ਾਨਦਾਰ ਗਿਟਾਰ ਹੁਨਰ ਲਈ ਪਿਆਰ ਨਾਲ ਯਾਦ ਕੀਤਾ ਜਾਵੇਗਾ।

ਇਸ ਦੁੱਖ ਦੀ ਘੜੀ ਵਿੱਚ ਅਸੀਂ Mr. Creatchman ਦੇ ਪਰਿਵਾਰਾਂ ਅਤੇ ਦੋਸਤਾਂ ਨਾਲ ਹਮਦਰਦੀ ਪ੍ਰਗਟ ਕਰਦੇ ਹਾਂ। ਸਾਡੇ ਸਕੂਲ ਭਾਈਚਾਰੇ ਨੂੰ ਉਹਨਾਂ ਦੇ ਸਮਰਪਣ ਲਈ ਸਤਿਕਾਰ ਅਤੇ ਸਨਮਾਨ ਦੇ ਚਿੰਨ੍ਹ ਵਜੋਂ, ਸਾਡੇ ਸਕੂਲ ਦਾ ਝੰਡਾ ਅੱਧਾ ਝੁਕਾਇਆ ਜਾਵੇਗਾ।

ਬੋਰਡ ਦੀ ਕ੍ਰਿਟੀਕਲ ਇੰਸੀਡੈਂਟ ਰਿਸਪਾਂਸ ਟੀਮ (Critical Incident Response Team, CIRT) ਦੇ ਮੈਂਬਰ ਸਹਾਇਤਾ ਪ੍ਰਦਾਨ ਕਰਨ ਲਈ ਕੱਲ੍ਹ ਸਾਡੇ ਸਕੂਲ ਵਿੱਚ ਮੌਜੂਦ ਹੋਣਗੇ। ਸਾਨੂੰ ਇਹ ਲੱਗਦਾ ਹੈ ਕਿ ਤੁਸੀਂ ਆਪਣੇ ਬੱਚਿਆਂ ਨੂੰ ਆਪਣੇ ਵਿਚਾਰ ਅਤੇ ਸਵਾਲ ਸਾਂਝੇ ਕਰਨ ਲਈ ਘਰ ਵਿੱਚ ਮੌਕਾ ਪ੍ਰਦਾਨ ਕਰਨਾ ਚਾਹੋਗੇ।

ਮਾਤਾ-ਪਿਤਾ, ਸਰਪ੍ਰਸਤ, ਅਤੇ ਦੇਖਭਾਲਕਰਤਾ https://hwdsb.info/distressing 'ਤੇ *ਦੁਖਦਾਈ ਘਟਨਾਵਾਂ ਤੋਂ ਬਾਅਦ ਬੱਚਿਆਂ ਅਤੇ ਨੌਜਵਾਨਾਂ ਦੀ ਸਹਾਇਤਾ ਕਰਨ ਵਾਲੇ ਬਾਲਗਾਂ ਲਈ ਸੁਝਾਵਾਂ* ਤੱਕ ਪਹੁੰਚ ਕਰ ਸਕਦੇ ਹਨ, ਤਾਂ ਜੋ ਕਿਸੇ ਦੇਖਭਾਲ ਕਰਨ ਵਾਲੇ ਬਾਲਗ ਦੀ ਮੌਤ ਬਾਰੇ ਗੱਲ ਕਰਦੇ ਸਮੇਂ ਤੁਹਾਡੇ ਬੱਚਿਆਂ ਦਾ ਸਹਿਯੋਗ ਕੀਤਾ ਜਾ ਸਕੇ। ਇਸ ਸਮੇਂ ਦੌਰਾਨ ਬੱਚਿਆਂ ਦੀ ਸਹਾਇਤਾ ਕਰਨ ਨਾਲ ਉਨ੍ਹਾਂ ਦੇ ਦੁੱਖ ਅਤੇ ਘਾਟੇ ਦੀਆਂ ਭਾਵਨਾਵਾਂ ਨੂੰ ਸਮਝਣ ਅਤੇ ਉਹਨਾਂ ਨਾਲ ਨਜਿੱਠਣ ਦੀ ਸਮਰੱਥਾ ਵਿੱਚ ਬਹੁਤ ਮਦਦ ਮਿਲੇਗੀ।

ਵਿਦਿਆਰਥੀ *HWDSB Helps* (https://hwdsb.info/HWDSBHelps) ਦੀ ਵਰਤੋਂ ਕਰਕੇ ਵੀ ਸਹਾਇਤਾ ਟੀਮ ਤੱਕ ਪਹੁੰਚ ਕਰ ਸਕਦੇ ਹਨ: 905-963-0066 'ਤੇ ਟੈਕਸਟ ਕਰੋ (ਮਿਆਰੀ ਦਰਾਂ ਲਾਗੂ), iOS ਅਤੇ Android ਲਈ HWDSB Helps ਐਪ ਦੀ ਵਰਤੋਂ ਕਰੋ, ਜਾਂ ਵੈੱਬ ਚੈਟ ਕਰੋ। ਐਮਰਜੈਂਸੀ ਦੀ ਸਥਿਤੀ ਵਿੱਚ, 911 'ਤੇ ਕਾਲ ਕਰੋ।

ਇਸ ਦੁੱਖ ਦੀ ਘੜੀ ਵਿੱਚ ਅਸੀਂ Mr. Creatchman ਦੇ ਪਰਿਵਾਰ ਨਾਲ ਖੜ੍ਹੇ ਹਨ। ਉਹਨਾਂ ਬਾਰੇ ਗੱਲ ਕਰਕੇ ਸਾਡਾ ਜੀਵਨ ਹੋਰ ਮਹਾਨ ਹੋ ਗਿਆ ਹੈ।

ਸ਼ੁੱਭਚਿੰਤਕ,

Tricia Nelson
ਪ੍ਰਿੰਸੀਪਲ

Louise van der Put
ਵਾਈਸ ਪ੍ਰਿੰਸੀਪਲ

Colin Hazell
ਵਾਈਸ ਪ੍ਰਿੰਸੀਪਲ

Sharon Stephanian
ਸਕੂਲਾਂ ਦੇ ਸੁਪਰਡੈਂਟ